National Research Journal of Social Sciences
Volume-11, Issue-1, January-June 2026
PP: 163-167
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸਲੋਕ ਸ੍ਰੀ ਗੁਰੂ ਤੇਗ ਬਹਾਦਰ ਜੀ : ਦਾਰਸ਼ਨਿਕ ਪਰਿਪੇਖ

**ਗੁਰਮੀਤ ਕੌਰ**
ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈੱਨ , ਲੁਧਿਆਣਾ

**ਸਾਰਾਂਸ਼**

ਭਾਰਤੀ ਪਰੰਪਰਾ ਵਿੱਚ ਦਰਸ਼ਨ ਭਾਵ ਗਿਆਨ ਪ੍ਰਤੀ ਵਿਸ਼ੇਸ ਖਿੱਚ ਰਹੀ ਹੈ। ਪਰਮਾਤਮਾ, ਜੀਵ-ਆਤਮਾ, ਮੌਤ, ਆਵਾਗਵਨ, ਪਰਲੋਕ ਆਦਿ ਵਿਸ਼ੇ ਭਾਰਤੀ ਮਨ ਦੀ ਜਗਿਆਸਾ ਦਾ ਕੇਂਦਰ ਰਹੇ ਹਨ। ਭਾਰਤੀ ਇਤਿਹਾਸ ਦੇ ਆਦਿ ਤੋਂ ਲੈ ਕੇ ਹੁਣ ਤੱਕ ਵੱਖ- ਵੱਖ ਅਧਿਆਤਮ ਪੁਰਸ਼ ਅਤੇ ਸੰਪਰਦਾਵਾਂ ਇਹਨਾਂ ਡੂੰਘੇ ਪ੍ਰਸ਼ਨਾਂ ਨੂੰ ਮੁਖ਼ਾਤਿਬ ਹੋਏ ਹਨ।

ਗੁਰਮਤਿ ਦਰਸ਼ਨ ਬੇਸ਼ਕ ਜੀਵਨ ਦੇ ਵਿਵਹਾਰਕ ਪੱਖਾਂ ਨੂੰ ਸੰਬੋਧਿਤ ਹੈ ਪਰ ਗੁਰਮਤਿ ਜੀਵਨ- ਜਾਚ ਜੀਵਨ ਅਤੇ ਮੌਤ ਦੀਆਂ ਡੂੰਘੀਆਂ ਸੱਚਾਈਆਂ ਨੂੰ ਕੇਂਦਰ ਵਿੱਚ ਰੱਖ ਕੇ ਹੀ ਆਪਣਾ ਫ਼ਲਸਫ਼ਾ ਉਸਾਰਦੀ ਹੈ । ਜੀਵਨ, ਮੌਤ, ਇਹਲੋਕ, ਪ੍ਰਲੋਕ, ਬ੍ਰਹਮ, ਜੀਵ-ਆਤਮਾ, ਮਨ ਆਦਿ ਗੁਰਮਤਿ ਵਿਚਾਰਧਾਰਾ ਦਾ ਕੇਂਦਰ ਰਹੇ । ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰਮਤਿ ਦਰਸ਼ਨ ਦਾ ਅਨੁਸਰਣ ਕਰਦਿਆਂ, ਸਲੋਕ ਕਾਵਿ- ਰੂਪ ਰਾਹੀਂ ਇਹਨਾਂ ਦਾਰਸ਼ਨਿਕ ਪ੍ਰਸ਼ਨਾਂ ਨੂੰ ਸੰਬੋਧਨ ਕੀਤਾ ਹੈ। ਸਲੋਕ ਕਾਵਿ- ਰੂਪ ਰਾਹੀਂ ਸੂਖਮ ਗਿਆਨ ਦਾ ਪ੍ਰਗਟਾਵਾ, ਭਾਰਤੀ ਪ੍ਰੰਪਰਾ ਦਾ ਅਨਿੱਖੜ ਅੰਗ ਰਿਹਾ ਹੈ। ਗੁਰੂ ਜੀ ਨੇ ਪਰਮਾਤਮਾ, ਆਤਮਾ,ਮਨ, ਤਿਆਗ, ਵੈਰਾਗ, ਮੁਕਤੀ,ਭਗਤੀ, ਮਾਇਆ, ਗੁਰੂ ਆਦਿ ਸੰਕਲਪਾਂ ਦਾ ਵਿਖਿਆਨ ਆਪਣੇ ਸਲੋਕਾਂ ਰਾਹੀਂ ਕੀਤਾ ਹੈ। ਉਹਨਾਂ ਨੇ ਆਪਣੀ ਕਾਵਿ-ਪ੍ਰਤਿਭਾ ਰਾਹੀਂ ਜਿੱਥੇ ਜਨ- ਮਾਨਸ ਦੀ ਕਲਾਤਮਕ ਪਿਆਸ ਦੀ ਤ੍ਰਿਪਤੀ ਕੀਤੀ ਹੈ ਉੱਥੇ ਡੂੰਘੀਆਂ ਮਨੁੱਖੀ ਜਗਿਆਸਾਵਾਂ ਨੂੰ ਵੀ ਸ਼ਾਂਤ ਕੀਤਾ ਹੈ।

ਇਸ ਅਧਿਐਨ ਦਾ ਉਦੇਸ਼, ਇਹ ਜਾਚਣਾ ਹੈ ਕਿ ਕਿਵੇਂ ਗੁਰੂ ਜੀ ਆਪਣੇ ਸਲੋਕਾਂ ਰਾਹੀਂ ਮਨੁੱਖੀ ਮੁੱਲਾਂ ਜਿਵੇਂ ਤਿਆਗ, ਸਮਰਪਣ, ਭਗਤੀ- ਭਾਵ, ਸਮਾਨਤਾ, ਸਹਿਜਤਾ ਅਤੇ ਆਤਮਿਕ ਸੰਤੁਲਨ ਦੀ ਪ੍ਰੇਰਨਾ ਦਿੰਦੇ ਹਨ। ਇਸ ਵਿੱਚ ਗੁਰਬਾਣੀ ਦੀ ਵਿਆਖਿਆਤਮਕ ਅਤੇ ਵਿਸ਼ਲੇਸ਼ਣਾਤਮਕ ਵਿਧੀ ਨੂੰ ਅਪਣਾਇਆ ਗਿਆ ਹੈ।

**ਕੁੰਜੀਗਤ ਸ਼ਬਦ** : ਗੁਰੂ ਤੇਗ ਬਹਾਦਰ ਜੀ, ਸਲੋਕ, ਦਰਸ਼ਨ, ਨਾਸ਼ਮਾਨਤਾ, ਨੈਤਿਕਤਾ, ਆਤਮਿਕ ਮੁੱਲ।

ਦਰਸ਼ਨ ਸ਼ਾਸਤਰ ਅੰਗਰੇਜੀ ਦੇ ਸ਼ਬਦ ਫ਼ਿਲਾਸਫ਼ੀ ਦਾ ਸਮਾਨਾਰਥੀ ਹੈ । ਅੰਗਰੇਜੀ ਸ਼ਬਦ Philosophy , ਪੁਰਾਤਨ ਯੂਨਾਨੀ ਸ਼ਬਦ, ਫ਼ਿਲੋਸੋਫ਼ੀਆ ਤੋਂ ਆਇਆ ਹੈ, ਜਿਸਦਾ ਅਰਥ ਹੈ ਗਿਆਨ ਨਾਲ ਪਿਆਰ । ਇਹ ਵਾਸਤਵਿਕਤਾ, ਹੋਂਦ, ਗਿਆਨ, ਕਦਰਾਂ-ਕੀਮਤਾਂ, ਕਾਰਨਾਂ, ਮਨ ਆਤੇ ਭਾਸ਼ਾ ਦੀ ਕੁਦਰਤੀ ਅਤੇ ਬੁਨਿਆਦੀ ਫ਼ਿਤਰਤ ਦਾ ਅਧਿਐਨ ਹੈ । ਇਸ ਪਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਪਾਇਥਾਗੋਰਸ ਨੇ ਕੀਤਾ ਸੀ । ਵਿਸ਼ੇਸ਼ ਅਨੁਸ਼ਾਸਨ ਅਤੇ ਵਿਗਿਆਨ ਵਜੋਂ ਇਸਨੂੰ ਵਿਕਸਤ ਕਰਨ ਦਾ ਸਿਹਰਾ ਪਲੈਟੋ ਨੂੰ ਜਾਂਦਾ ਹੈ । ਇਸ ਦਰਸ਼ਨ ਨੇ ਵਸਤੂਗਤ ਗਿਆਨ ਅਤੇ ਖੁਦ ਬਾਰੇ ਮਨੁੱਖੀ ਗਿਆਨ ਨੂੰ ਇੱਕ ਸੂਤਰ ਵਿੱਚ ਪਰੋਇਆ । ਇਸ ਤਰਾਂ ਦਰਸ਼ਨ ਦਾ ਬੁਨਿਆਦੀ ਪ੍ਰਸ਼ਨ ਪਦਾਰਥ ਨਾਲ ਚੇਤਨਾ ਦੇ ਸੰਬੰਧ ਦਾ ਪ੍ਰਸ਼ਨ ਹੈ ।

ਮਨੁੱਖ ਦੇ ਆਂਤਰਿਕ ਗਿਆਨ ਨਾਲ ਸੰਬੰਧਿਤ ਹੋਣ ਕਾਰਨ ਦਰਸ਼ਨ ਦਾ ਸਿੱਧਾ ਸੰਬੰਧ ਧਰਮ ਨਾਲ ਜਾ ਜੁੜਦਾ ਹੈ । ਜੇ ਧਰਮ ਮਨੁੱਖੀ ਜੀਵਨ ਅਤੇ ਬ੍ਰਹਿਮੰਡ ਨੂੰ ਸੰਚਾਲਿਤ ਕਰਨ ਵਾਲੇ ਨੇਮ ਵਿਧਾਨ ਵੱਲ ਸੰਕੇਤ ਕਰਦਾ ਹੈ, ਤਾਂ ਦਰਸ਼ਨ ਇਸ ਨੇਮ ਵਿਧਾਨ ਦੇ ਇਰਦ-ਗਿਰਦ ਫੈਲੇ ਹੋਏ ਸਿਧਾਂਤਕ ਪਰਿਪੇਖ ਨੂੰ ਸਪਸ਼ਟ ਕਰਦਾ ਹੈ ।

ਭਾਰਤੀ ਗਿਆਨ ਪਰੰਪਰਾ ਵਿੱਚ ਦਰਸ਼ਨ ਦਾ ਆਰੰਭ ਰਿਗਵੇਦ ਤੋਂ ਹੀ ਹੋ ਜਾਂਦਾ ਹੈ । ਇਸ ਵਿੱਚ ਸ੍ਰਿਸ਼ਟੀ ਰਚਨਾ, ਉਸ ਤੋਂ ਪਹਿਲਾਂ ਦੀ ਸੁੰਨ ਅਵਸਥਾ, ਅਤੇ ਉਸ ਵਿੱਚ ਨਿਵਾਸ ਕਰਨ ਵਾਲੇ ਇੱਕ ਤੱਤ ਦੀ ਹਸਤੀ ਤੇ ਹੋਂਦ ਵੱਲ ਸੰਕੇਤ ਕੀਤਾ ਗਿਆ ਹੈ । ਇਹੀ ਪ੍ਰਸ਼ਨ ਬਾਅਦ ਵਿੱਚ ਵੈਦਿਕ ਅਤੇ ਬੋਧ ਪਰੰਪਰਾ ਦੇ ਅੰਤਰਗਤ ਬ੍ਰਹਮ ਅਤੇ ਸ਼ੂਨਯ ਦੀ ਸੰਕਲਪਨਾ ਦਾ ਆਧਾਰ ਬਣਦੇ ਹਨ । ਭਾਰਤੀ ਸੱਭਿਅਤਾ ਦੇ ਕਲਾਸੀਕਲ ਦੌਰ ਵਿੱਚ ਵਿਕਸਤ ਹੋਏ ਤਿੰਨ ਧਰਮਾਂ ਵੈਦਿਕ ਧਰਮ, ਬੁੱਧ ਧਰਮ ਅਤੇ ਜੈਨ ਧਰਮ ਦੇ ਅੰਤਰਗਤ ਸਾਹਮਣੇ ਆਏ ਦਰਸ਼ਨ ਸ਼ਾਸਤਰਾਂ ਨਾਲੋਂ ਸਿੱਖ ਧਰਮ ਦੀ ਸਥਿਤੀ ਇਤਿਹਾਸਕ ਤੌਰ ਤੇ ਵਿਲੱਖਣ ਹੈ । ਮੱਧਕਾਲੀ ਦੌਰ ਦਾ ਇਹ ਦਰਸ਼ਨ, ਆਪਣੇ ਧਾਰਮਿਕ ਅਨੁਭਵ ਅਤੇ ਦਾਰਸ਼ਨਿਕ ਚਿੰਤਨ ਦੇ ਮਾਧਿਅਮ ਰਾਹੀਂ ਭਾਰਤੀ ਅਤੇ ਸਾਮੀ ਸੱਭਿਅਤਾ ਨਾਲ ਸੰਵਾਦ ਰਚਾਉਂਦਾ ਹੈ । ਇਸ ਦੌਰ ਦੇ ਦਰਸ਼ਨ ਨੂੰ ਵੱਖਰੀ ਦਿਸ਼ਾ ਦੇਣ ਵਿੱਚ ਸਿੱਖ ਧਰਮ ਦੇ ਪ੍ਰਵਰਤਕਾਂ ਦਾ ਯੋਗਦਾਨ ਬਹੁਤ ਅਹਿਮ ਹੈ ।

ਸ਼ਲੋਕ, ਭਾਰਤੀ ਕਾਵਿ ਪਰੰਪਰਾ ਵਿੱਚ ਪੁਰਾਤਨ ਸਮੇਂ ਤੋਂ ਹੀ ਕਵੀਜਨਾਂ ਦਾ ਹਰਮਨ- ਪਿਆਰਾ ਕਾਵਿ- ਰੂਪ ਰਿਹਾ ਹੈ । ਇਸਦੀ ਪਰੰਪਰਾ ਲਗਭਗ ਕਵਿਤਾ ਜਿੰਨੀ ਹੀ ਪੁਰਾਣੀ ਹੈ । ਭਾਰਤੀ ਸਾਹਿਤ ਪਰੰਪਰਾ ਵਿੱਚ ਵੇਦਾਂ ਦੇ ਸਮੇਂ ਤੋਂ ਹੀ ਇਸਦੀ ਵਰਤੋਂ ਦੇ ਪ੍ਰਮਾਣ ਨਿਲਦੇ ਹਨ । " ਸੰਸਕ੍ਰਿਤ ਵਿੱਚ ਅੱਠ ਅੱਖਰਾ ਛੰਦ, ਜਿਸਨੂੰ ਅਨੁਸ਼ਟੁਪ ਛੰਦ ਕਹਿੰਦੇ ਸਨ, ਇੱਕ ਪ੍ਰਕਾਰ ਨਾਲ ਸ਼ਲੋਕ ਦਾ ਹੀ ਪੁਰਾਣਾ ਰੂਪ ਹੈ, ਜਿਸਦੀ ਪਰੰਪਰਾ ਵੇਦਾਂ ਨਾਲ ਹੀ ਜਾ ਜੁੜਦੀ ਹੈ ।"1 ਵੈਦਿਕ ਕਾਲ ਵਿੱਚ ਇਹ ਦੋ ਸਤਰਾਂ ਵਾਲਾ ਛੰਦ ਸੀ ਤੇ ਹਰ ਸਤਰ ਵਿੱਚ ਅੱਠ ਅੱਖਰ ਹੁੰਦੇ ਸਨ । ਸ਼ਾਸਤਰੀ ਬੰਧਨਾਂ ਵਿੱਚ ਬੱਝਣ ਤੋਂ ਪਹਿਲਾਂ ਦਿਸਦੇ ਪਿੱਛੇ ਇੱਕ ਲੰਮੀ ਲੋਕ- ਕਾਵਿ ਪਰੰਪਰਾ ਸੀ । ਭਾਰਤੀ ਕਾਵਿ ਸਾਹਿਤ ਵਿੱਚ ਇਸਦਾ ਵਿਕਾਸ, ਛੰਦ ਨਾਲੋਂ ਵਧੇਰੇ, ਕਾਵਿ -ਰੂਪ ਵਜੋਂ ਹੋਇਆ , ਜਿਸਦਾ ਕੇਂਦਰੀ ਨੁਕਤਾ, ਉਪਦੇਸ਼ ਰਿਹਾ ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਭਾਈ ਕਾਨ੍ਹ ਸਿੰਘ ਨਾਭਾ ਸ਼ਲੋਕ ਦਾ ਅਰਥ, ਪ੍ਰਸ਼ੰਸਾ, ਉਸਤਤਿ, ਤਾਅਰੀਫ ਅਤੇ ਯਸ਼ ਦੇ ਗੀਤ ਵਜੋਂ ਕਰਦੇ ਹਨ ।2 ਇਸ ਤਰਾਂ ਕਾਵਿ ਰੂਪ ਵਜੋਂ, ਇਹ ਇੱਕ ਅਜਿਹੀ ਦੋ ਸਤਰੀਆ ਰਚਨਾ ਹੈ, ਜਿਸ ਵਿੱਚ ਕਿਸੇ ਦੀ ਸਿਫਤ ਕੀਤੀ ਗਈ ਹੋਵੇ ਜਾਂ ਕੋਈ ਉਪਦੇਸ਼ ਦਿੱਤਾ ਗਿਆ ਹੋਵੇ ।

ਪੰਜਾਬੀ ਕਾਵਿ- ਇਤਿਹਾਸ ਵਿੱਚ ਲੋਕ ਕਾਵਿ ਤੋਂ ਲੈ ਕੇ ਗੁਰਮਤਿ, ਸੂਫੀ ਆਤੇ ਬੀਰ- ਕਾਵਿ ਵਿੱਚ, ਭਾਵ ਆਦਿ ਕਾਲ ਤੋਂ ਲੈ ਕੇ ਮੱਧਕਾਲ ਤੱਕ ਇਸਦੀ ਭਰਪੂਰ ਪਰੰਪਰਾ ਰਹੀ ਹੈ । ਪ੍ਰਭੂ-ਪ੍ਰੇਮ, ਸ਼ਰਧਾ-ਭਾਵ ਅਤੇ ਉਪਦੇਸ਼ਾਤਮਕ ਭਾਵ ਪ੍ਰਗਟਾਉਣ ਲਈ ਗੁਰਮਤਿ ਕਵੀਆਂ, ਸੂਫੀ ਸੰਤਾਂ ਆਤੇ ਵਾਰਕਾਰਾਂ ਨੇ ਇਸ ਕਾਵਿ ਰੂਪ ਦੀ ਭਰਪੂਰ ਵਰਤੋਂ ਕੀਤੀ ਹੈ ।

ਪੰਜਾਬੀ ਮੱਧਕਾਲੀ ਕਾਵਿ- ਇਤਿਹਾਸ ਦੀ ਪ੍ਰਮਾਣਿਕ ਰਚਨਾ, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਦੀ ਭਰਪੂਰ ਵਰਤੋਂ ਹੋਈ ਹੈ । ਗੁਰੂ ਗ੍ਰੰਥ ਸਾਹਿਬ ਵਿਚਲਾ ਹਰ ਸ਼ਲੋਕ ਇੱਕ ਨਿਸਚਿਤ ਭਾਵ ਦੀ ਪੇਸ਼ਕਾਰੀ ਕਰਦਾ ਹੈ । ਸ਼ੇਖ ਫਰੀਦ, ਸੰਤ ਕਬੀਰ, ਗੁਰੂ ਨਾਨਕ ਦੇਵ , ਗੁਰੂ ਅੰਗਦ ਦੁਵ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕ ਇਸ ਕਾਵਿ ਰੂਪ ਦੀ ਲੋਕਪ੍ਰਿਯਤਾ ਦਾ ਪ੍ਰਤੱਖ ਪ੍ਰਮਾਣ ਹਨ । ਬੇਸ਼ਕ ਗੁਰੂ ਅਰਜਨ ਦੇਵ ਜੀ ਦੁਆਰਾ ਸੋਲਾਂ ਸਤਰਾਂ ਤੱਕ ਦੇ ਸ਼ਲੋਕਾਂ ਦੀ ਵੀ ਰਚਨਾ ਹੋਈ ਹੈ ਪਰ ਆਮ ਕਰਕੇ ਸ਼ਲੋਕ ਦੋ ਜਾਂ ਚਾਰ ਸਤਰਾਂ ਵਿੱਚ ਹੀ ਰਚੇ ਜਾਣ ਦੀ ਪਰੰਪਰਾ ਰਹੀ ਹੈ ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ, ਇਹਲੌਕਿਕ ਜੀਵਨ ਦੀ ਅਸਥਿਰਤਾ, ਹਉਮੈਂ ਇੱਕ ਰੋਗ ਵਜੋਂ, ਨਾਮ ਦੀ ਮਹੱਤਤਾ, ਗਿਆਨ ਦੀ ਪਿਆਸ, ਆਚਾਰ ਦੀ ਉੱਚਤਾ, ਮੌਤ ਦਾ ਸਮਰਣ, ਗੁਰੂ ਦੀ ਭੂਮਿਕਾ, ਸਦੀਵੀ ਆਨੰਦ ਦੀ ਪ੍ਰਾਪਤੀ, ਆਡੰਬਰਾਂ ਦਾ ਵਿਰੋਧ, ਹੁਕਮ ਅੰਦਰ ਚੱਲਣਾ ਆਦਿ ਵਿਸ਼ਿਆਂ ਨੂੰ ਸ਼ਲੋਕ ਕਾਵਿ- ਰੂਪ ਰਾਹੀਂ ਪ੍ਰਗਟਾਇਆ ਗਿਆ ਹੈ ।

ਸ਼ਲੋਕ ਦੀ ਸੂਤ੍ਰਿਕ ਸ਼ੈਲੀ, ਕਾਵਿਕ ਰਵਾਨਗੀ ਅਤੇ ਲੋਕਪ੍ਰਿਯਤਾ ਕਾਰਨ ਇਹ ਡੂੰਘੇ ਦਾਰਸ਼ਨਿਕ ਭਾਵਾਂ ਦੇ ਪ੍ਰਗਟਾਵੇ ਲਈ ਅਨੁਕੂਲ ਮੰਨਿਆ ਜਾਂਦਾ ਰਿਹਾ ਹੈ । ਇਹ ਸਿਰਫ ਕਵੀਜਨਾਂ ਦੀ ਹੀ ਨਹੀਂ ਸਗੋਂ ਲੋਕ- ਮਾਨਸ ਦੀ ਵੀ ਖਿੱਚ ਦਾ ਕੇਂਦਰ ਬਣਿਆ ਰਿਹਾ ਹੈ । ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ਲੋਕਾਂ ਦੀ ਲੋਕ- ਪ੍ਰਿਯਤਾ ਇਸਦਾ ਪ੍ਰਤੱਖ ਪ੍ਰਮਾਣ ਹੈ । ਗੁਰੂ ਗ੍ਰੰਥ ਸਾਹਿਬ ਵਿੱਚੋਂ ਇਸਦੀਆਂ ਕੁਝ ਉਦਹਾਰਨਾਂ ਦੇਖੋ

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥

ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ ( ਆਸਾ ਦੀ ਵਾਰ )

ਫ਼ਰੀਦਾ ਸਕਰ ਖੰਡ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ॥

ਸਭੇ ਵਸਤੂ ਮਿਠੀਆ ਰਬ ਨ ਪੂਜਨ ਤੁਧੁ॥ ( ਸ਼ੇਖ ਫ਼ਰੀਦ )

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਅਧਿਆਤਮਕ ਵਿਚਾਰਧਾਰਾ ਨੂੰ ਪ੍ਰਗਟਾਉਣ ਲਈ ਸ਼ਬਦ ਅਤੇ ਸ਼ਲੋਕ ਦੋਵਾਂ ਕਾਵਿ -ਰੂਪਾਂ ਨੂੰ ਅਪਣਾਇਆ ਹੈ । ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਦੇ 59 ਸ਼ਲੋਕ ਅਤੇ 57 ਸ਼ਬਦ ਦਰਜ ਹਨ । ਨਾਮ ਦੀ ਮਹੱਤਤਾ,ਮਨ ਦੀ ਸ਼ਾਂਤੀ, ਆਤਮਿਕ ਸਥਿਰਤਾ, ਸੁੱਖ-ਦੁੱਖ ਦੀ ਏਕਤਾ, ਨੈਤਿਕ ਉੱਚਤਾ, ਗੁਰੂ ਦੀ ਮਹਿਮਾ, ਨਾਮ- ਸਿਮਰਨ ਦੀ ਮਹਿਮਾ, ਹੁਕਮ-ਰਜਾ ਵਿੱਚ ਚੱਲਣਾ, ਨਿਰਭਉਤਾ ਉਹਨਾਂ ਦੇ ਸ਼ਬਦਾਂ ਦੇ ਪ੍ਰਮੁੱਖ ਵਿਸ਼ੇ ਹਨ । ਗੁਰੂ ਜੀ ਦੀ ਅਧਿਆਤਮਕ ਵਿਚਾਰਧਾਰਾ ਪਰਮਾਤਮਾ ਦੀ ਹੋਂਦ,ਆਤਮਿਕ- ਸ਼ੁੱਧੀ ਲਈ ਨਾਮ ਦੀ ਲੋੜ ਆਤਮਿਕ ਜੀਵਨ ਦੀ ਉੱਚਤਾ, ਉੱਚ ਨੈਤਿਕ ਆਚਰਣ, ਗੁਰੂ ਦੀ ਲੋੜ ਰਾਹੀਂ ਪ੍ਰਗਟ ਹੁੰਦੀ ਹੈ ।

ਸਮੁੱਚੀ ਗੁਰਮਤਿ ਵਿਚਾਰਧਾਰਾ ਅਨੁਸਾਰ ਇਹਲੋਕ ਛਿਣ- ਭੰਗਰ ਹੈ, ਸੁਪਨੇ ਸਮਾਨ ਹੈ, ਬਾਦਰ ਕੀ ਛਾਈ ਹੈ । ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਪ੍ਰਮੁੱਖ ਤੱਤ ਵੈਰਾਗ ਹੈ। ਵੈਰਾਗ ਮਾਇਆ ਤੋਂ ਹੈ, ਇਸ ਦੁਨੀਆਂ ਤੋਂ ਹੈ, ਵਿਸ਼ੇ- ਵਿਕਾਰਾਂ ਤੋਂ ਹੈ, ਕਰਮ- ਕਾਡਾਂ ਤੋਂ ਹੈ । ਵੈਰਾਗ, ਸਿਰਫ ਆਤਮਿਕ ਅਡੋਲਤਾ ਰਾਹੀਂ ਹੀ ਸੰਭਵ ਹੈ । ਆਤਮਿਕ ਅਡੋਲਤਾ ਰਾਹੀਂ ਮਨ ਨੂੰ ਜਿੱਤਿਆ ਜਾ ਸਕਦਾ ਹੈ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ।।

ਕਹਿ ਨਾਨਕ ਥਿਰ ਨਾ ਰਹੇ ਜਿਉ ਬਾਲੂ ਕੀ ਭੀਤਿ ।।੪੯।।

ਮਨ ਦੀ ਜਿੱਤ ਦੁਆਰਾ ਡਰ, ਇੱਛਾਵਾਂ ਅਤੇ ਭਟਕਣ ਤੋਂ ਨਿਜਾਤ ਮਿਲਦੀ ਹੈ ਜੋ ਮਨੁੱਖਾ ਜਨਮ ਦਾ ਪਰਮ- ਮਕਸਦ ਹੈ । ਮਨ ਦੀ ਜਿੱਤ ਉਦੋਂ ਹੀ ਸੰਭਵ ਹੁੰਦੀ ਹੈ ਜਦੋਂ ਦੁੱਖ- ਸੁੱਖ ਨੂੰ ਸਮ- ਦ੍ਰਿਸ਼ਟੀ ਨਾਲ ਦੇਖਿਆ ਜਾਵੇ । ਗੁਰੂ ਦੀ ਅਗਵਾਈ ਅਧਿਆਤਮਕ ਰਸਤੇ ਨੂੰ ਸੌਖਾ ਅਤੇ ਸੰਭਵ ਬਣਾਉਦੀ ਹੈ । ਅਧਿਆਤਮਕ ਜੀਵਨ, ਇਹਲੌਕਿਕਤਾ ਤੋਂ ਪਲਾਇਨ ਨਹੀਂ ਹੈ ਬਲਕਿ ਧਰਮ, ਸੱਚ ਅਤੇ ਨੈਤਿਕਤਾ ਨੂੰ ਮਨ ਦੀਆਂ ਡੂੰਘਾਈਆਂ ਵਿੱਚ ਉਤਾਰਨਾ ਹੈ।

ਮਾਇਆ, ਮਨੁੱਖੀ ਮਨ ਨੂੰ ਇਹਲੌਕਿਕ ਨੀਵਾਣਾਂ ਵੱਲ ਖਿੱਚਦੀ ਹੈ । ਅਧਿਆਤਮਕ ਜੀਵਨ ਦੀ ਆਂਤਰਿਕ ਗਹਿਰਾਈ ਇਸਨੂੰ ਮਾਇਆਵੀ ਭਾਰ ਤੋਂ ਮੁਕਤ ਕਰਦੀ ਹੈ ।ਕਿਉਂਕਿ ਮਾਇਆ ਅਜਿਹਾ ਤੱਤ ਹੈ ਜੋ ' ਦੂਜਾ ਭਾਉ' ਭਾਵ ਪਰਮਾਤਮਾ ਦੀ ਹੋਂਦ ਦਾ ਭਰਮ- ਜਾਲ ਪੈਦਾ ਕਰਕੇ ਮਨੁੱਖ ਨੂੰ ਆਪਣੇ ਮੂਲ ਸਰੋਤ ਤੋਂ ਨਿਖੇੜਦਾ ਹੈ , ਇਸ ਲਈ ਮਾਇਆ ਤੋਂ ਨਿਰਲੇਪਤਾ, ਉਹਨਾਂ ਦੀ ਅਧਿਆਤਮਕ ਵਿਚਾਰਧਾਰਾ ਦਾ ਕੇਂਦਰੀ ਤੱਤ ਹੋ ਨਿੱਬੜਦਾ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਨੁੱਖੀ ਜੀਵਨ ਦੁਰਲੱਭ ਹੈ । ਇਹ ਵਾਰ-ਵਾਰ ਨਹੀਂ ਮਿਲਦਾ । ਇਸਦਾ ਮਿਲਣਾ ਕਈ ਜਨਮਾਂ ਦੀ ਭਗਤੀ ਤੋਂ ਬਾਅਦ ਸੰਭਵ ਹੁੰਦਾ ਹੈ । ਸਿਰਫ ਮਨੁੱਖੀ ਜੀਵਨ ਹੀ ਮੁਕਤੀ ਦਾ ਜਰੀਆ ਹੈ । ਇਸੇ ਜੀਵਨ ਵਿੱਚ ਜੀਵ-ਆਤਮਾ ਮਾਇਆ ਰੂਪੀ ਨੀਵਾਣਾਂ ਵਿੱਚ ਡਿੱਗ ਵੀ ਸਕਦੀ ਹੈ ਅਤੇ ਅਧਿਆਤਮਕ ਉਚਾਈਆਂ ਨੂੰ ਛੂਹ ਵੀ ਸਕਦੀ ਹੈ । ਪਰਮਾਤਮਾ ਦਾ ਵਾਸਾ ਮਨੁੱਖੀ ਮਨ ਦੇ ਅੰਦਰ ਹੀ ਹੈ :

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ।।

ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ।।੧੮।।

ਗੁਰਮਤਿ ਵਿਚਾਰਧਾਰਾ ਭਾਰਤੀ ਦਰਸ਼ਨ ਪਰੰਪਰਾ ਨੂੰ ਅੱਗੇ ਵਧਾਉਦਿਆਂ ਡੂੰਘੇ ਦਾਰਸ਼ਨਿਕ ਪ੍ਰਸ਼ਨਾਂ ਨੂੰ ਮੁਖਾਤਿਬ ਹੁੰਦੀ ਹੈ । ਗੁਰੂ ਤੇਗ ਬਹਾਦਰ ਬਾਣੀ ਵਿਚਲੇ ਸ਼ਲੋਕਾਂ ਰਾਹੀਂ ਦਾਰਸ਼ਨਿਕਤਾ ਦੀ ਇਸ ਪਰੰਪਰਾ ਨੂੰ ਕਾਇਮ ਰੱਖਿਆ ਗਿਆ ਹੈ। ਇਹਲੋਕ ਦੀ ਅਸਥਿਰਤਾ, ਹਉਮੈਂ ਰੋਗ, ਗਿਆਨ ਦਾ ਜੀਵਨ ਵਿੱਚ ਰੁਤਬਾ,ਗੁਰੂ ਦੀ ਲੋੜ, ਨਾਮ ਦੀ ਮਹੱਤਤਾ, ਨੈਤਿਕ ਆਚਰਣ ਦੀ ਉੱਚਤਾ, ਮੌਤ ਦੀ ਅਟੱਲਤਾ, ਆਂਤਰਿਕ ਸ਼ਾਂਤੀ ਦੀ ਪ੍ਰਾਪਤੀ, ਕਰਮ-ਕਾਂਡਾਂ ਦਾ ਵਿਰੋਧ, ਦਇਆ ਅਤੇ ਭਰਾਤਰੀ ਭਾਵ, ਮਨੁੱਖੀ ਮਨ ਦੀ ਭਟਕਣ, ਹੁਕਮ/ਰਜਾ ਦਾ ਸੰਕਲਪ ਆਦਿ ਦਾਰਸ਼ਨਿਕ ਪਾਸਾਰਾਂ ਦੀ ਵਿਆਖਿਆ ਗੁਰੂ ਤੇਗ ਬਹਾਦਰ ਬਾਣੀ ਦਾ ਕੇਂਦਰੀ ਤੱਤ ਹੈ ।

ਮੌਤ ਕੀ ਹੈ ? ਇਸ ਤੋਂ ਬਾਅਦ ਕੀ ਵਾਪਰਦਾ ਹੈ ? ਜੀਵ-ਆਤਮਾ ਕਿੱਥੇ ਚਲੀ ਜਾਂਦੀ ਹੈ ? ਆਦਿ ਪ੍ਰਸ਼ਨਾਂ ਦੀ ਭਾਲ ਭਾਰਤੀ ਚਿੰਤਨ ਦੀ ਨੀਂਹ ਰਹੀ ਹੈ । ਗੁਰੂ ਤੇਗ ਬਹਾਦਰ ਬਾਣੀ-ਚਿੰਤਨ ਇਸ ਪ੍ਰਸ਼ਨ ਤੇ ਨਿੱਠ ਕੇ ਚਰਚਾ ਕਰਦੇ ਹਨ । ਮੌਤ ਦੀ ਚੇਤਨਾ, ਗੁਰੂ ਤੇਗ ਬਹਾਦਰ ਬਾਣੀ ਦੀ ਕੇਂਦਰੀ ਚੂਲ ਹੈ:

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।।

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।।੨੩।।

ਉਹਨਾਂ ਦੇ ਚਿੰਤਨ ਦਾ ਅਹਿਮ ਪਹਿਲੂ ਇਹ ਹੈ ਕਿ ਗੁਰੂ ਜੀ ਨੇ ਇਸਨੂੰ ਸਕਾਰਾਤਮਕ ਨਜਰੀਏ ਤੋਂ ਪੜਚੋਲਿਆ ਹੈ । "ਗੁਰੂ ਜੀ ਮੌਤ ਦਾ ਅਹਿਸਾਸ ਕਰਾ ਕੇ ਮਨੁੱਤਖਤਾ ਨੂੰ ਇਸਤੋਂ ਡਰਾਉਂਦੇ ਨਹੀਂ ਬਲਕਿ ਜਿੱਥੋਂ ਤੱਕ ਮੌਤ ਦੇ ਆਗਮਨ ਦਾ ਸਬੰਧ ਹੈ, ਗੁਰੂ ਜੀ ਇਸਨੂੰ ਰੱਬੀ ਹੁਕਮ ਅਨੁਸਾਰ ਵਰਤਣ ਵਾਲੀ ਹੋਣੀ ਸਮਝ ਕੇ ਮਨੁੱਖ ਮਾਤਰ ਨੂੰ ਇਸਦਾ ਖਿੜੇ ਮੱਥੇ ਸੁਆਗਤ ਕਰਨ ਦਾ ਉਪਦੇਸ਼ ਦਿੰਦੇ ਹਨ ।"3

ਮੌਤ ਦਾ ਸੰਮਰਣ ਮਨੁੱਖੀ ਮਨ ਨੂੰ ਨਿਮਰ ਬਣਾਉਦਾ ਹੈ । ਨਿਮਰਤਾ, ਜੀਵਨ ਨੂੰ ਅਰਥਪੂਰਨ ਬਣਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਦੀ ਹੈ, ਹਉਮੈਂ ਰੋਗ ਦੂਰ ਹੁੰਦਾ ਹੈ । ਹਉਮੈਂ ਦਾ ਦੂਰ ਹੋਣਾ ਆਤਮਾ ਪਰਮਾਤਮਾ ਅਭੇਦਤਾ ਦੀ ਨੀਂਹ ਹੈ ।

ਇਸ ਸੰਸਾਰ ਦੀ ਅਸਥਿਰਤਾ ਨੂੰ ਦ੍ਰਿੜਾਉਣਾ ਗੁਰੂ ਤੇਗ ਬਹਾਦਰ ਦਰਸ਼ਨ ਦਾ ਅਹਿਮ ਪਾਸਾਰ ਹੈ । ਸ਼ਰੀਰ, ਮਾਇਆ, ਧਨ, ਜਵਾਨੀ,ਸੁੰਦਰਤਾ ਇੱਕ ਦਿਨ ਫਿੱਕੀ ਪੈ ਜਾਵੇਗੀ । ਬੇਸ਼ਕ ਇਹ ਇਹਲੌਕਿਕ ਜੀਵਨ ਦੇ ਮਹੱਤਵਪੂਰਨ ਜੁਜ ਹਨ ਪਰ ਇਹ ਸੰਸਾਰ ਸਥਿਰ ਨਹੀ । ਸੋ, ਇਸਦੇ ਜੁਜ ਵੀ ਛਿਣ-ਭੰਗਰ ਹਨ ।ਸੰਸਾਰ ਜੀਵ- ਆਤਮਾ ਦਾ ਸਥਾਈ ਡੇਰਾ ਨਹੀਂ। ਜੋ ਸੰਸਾਰ ਵਿੱਚ ਆਇਆ ਹੈ ਉਸਨੇ ਜਾਣਾ ਵੀ ਅਵੱਸ਼ ਹੈ । ਪਰ ਤਮਾਮ ਸੰਸਾਰਿਕ ਚੀਜਾਂ, ਜਿਹਨਾਂ ਨੂੰ ਸੰਗ੍ਰਹਿ ਕਰਨ ਵਿੱਚ ਉਸਨੇ ਸਮਾਂ ਵਿਹਾਇਆ ਹੁੰਦਾ ਹੈ, ਇੱਥੇ ਹੀ ਰਹਿ ਜਾਂਦੀਆਂ ਹਨ । ਸਿਰਫ ਨਾਮ ਹੀ ਅੰਤ ਤੱਕ ਆਤਮਾ ਦੇ ਨਾਲ ਨਿਭਦਾ ਹੈ । ਸੋ, ਝੂਠੀ ਮਾਇਆ ਤੋਂ ਕਿਨਾਰਾ ਕਰਨਾ ਅਤੇ ਸੱਚ ਦੇ ਮਾਰਗ ਉੱਤੇ ਚੱਲਣਾ ਇੱਕ ਚੇਤਨ ਮਨੁੱਖ ਦਾ ਫਰਜ ਹੈ । ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿੱਚ ਇਸ ਦਾਰਸ਼ਨਿਕ ਸੱਚਾਈ ਨੂੰ ਦ੍ਰਿੜਾਉਦੇ ਹਨ :

ਪ੍ਰਾਨੀ ਕਛੂ ਨਾ ਚੇਤਈ ਮਦਿ ਮਾਇਆ ਕੈ ਅੰਧੁ।।

ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ।।੨੬।।

ਭਾਰਤੀ ਦਰਸ਼ਨ ਦੇ ਇਤਿਹਾਸ ਵਿੱਚ ਮਨੁੱਖੀ ਮਨ ਦੇ ਉਤਰਾਵਾਂ ਚੜਾਵਾਂ ਬਾਰੇ ਨਿੱਠ ਕੇ ਚਰਚਾ ਕੀਤੀ ਗਈ ਹੈ । ਮਨੁੱਖੀ ਮਨ ਦੀ ਆਪਣੀ ਸੀਮਾ ਅਤੇ ਆਪਣੀ ਸੰਰਚਨਾ ਹੈ । ਅਸ਼ਾਂਤੀ, ਸ਼ੱਕ, ਲਾਲਸਾ, ਨੀਵਾਣਾਂ ਵੱਲ ਝਕਾਉ ਇਸਦਾ ਖਾਸਾ ਹੈ ।" ਗੁਰੂ ਸਾਹਿਬ ਦੀ ਬਾਣੀ ਵਿੱਚ ਭੈਅ-ਭੀਤ ਹੋਏ ਮਨੁੱਖ ਦੇ ਚਿੱਤਰ ਮਿਲਦੇ ਹਨ। ਇਹ ਉਹ ਮਨੁੱਖ ਹੈ ਜਿਸਦਾ ਆਤਮਿਕ ਬਲ ਖੁੱਸ ਚੁੱਕਾ ਹੈ ਅਤੇ ਉਹ ਅਨੇਕਾਂ ਪ੍ਰਕਾਰ ਦੀਆਂ ਦੁਬਿਧਾਵਾਂ ਵਿੱਚ ਘਿਰਿਆ ਹੋਇਆ ਹੈ। ਇਸ ਤਰਾਂ ਦੀ ਮਾਨਸਿਕ ਸਮੱਸਿਆ ਉਦੋਂ ਪੈਦਾ ਹੁੰਦੀ ਹੈਜਦੋਂ ਉਹ ਆਪਣੇ ਮੂਲ ਨਾਲੋਂ ਟੁੱਟ ਕੇ ਵੱਖ ਹੋ ਜਾਂਦਾ ਹੈ। ਅਸਲ ਵਿੱਚ ਇਹ ਸੰਕਟ ਧਾਰਮਿਕ ਤੌਰ ਤੇ ਵਿਯੋਗੇ ਹੋਏ ਮਨੁੱਖ ਦਾ ਸੰਕਟ ਹੈ।"4 ਪਰ ਇਸਨੂੰ ਅਨੁਸ਼ਾਸਨ ਵਿੱਚ ਬੰਨਿਆ ਜਾ ਸਕਦਾ ਹੈ, ਸੱਚ ਦੇ ਮਾਰਗ ਦਾ ਪਾਂਧੀ ਬਣਾਇਆ ਜਾ ਸਕਦਾ ਹੈ ਅਤੇ ਇਸਨੂੰ ਸ਼ੁੱਧ ਕੀਤਾ ਜਾ ਸਕਦਾ ਹੈ । ਪਰ ਅੱਥਰੇ ਮਨੁੱਖੀ ਮਨ ਨੂੰ ਅਨੁਸ਼ਾਸਨ ਵਿੱਚ ਬੰਨਣਾ ਆਸਾਨ ਕੰਮ ਨਹੀ ਹੈ । ਨਾਮ ਅਤੇ ਗੁਰੂ ਦੇ ਮਾਰਗ ਦਰਸ਼ਨ ਦੀ ਲਗਾਮ ਤੋਂ ਬਿਨਾਂ ਇਸ ਘੋੜੇ ਨੂੰ ਕਾਬੂ ਕਰਨਾ ਮੁਸ਼ਕਿਲ ਹੈ । ਗੁਰੂ ਤੇਗ ਬਹਾਦਰ ਜੀ ਮਨੁੱਖੀ ਮਨ ਦੀ ਭਟਕਣ ਬਾਰੇ ਫੁਰਮਾਉਂਦੇ ਹਨ :

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ।।

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ।।੨੪।।

ਮਨ ਦੇ ਨਕਾਰਾਤਮਕ ਝੁਕਾਵਾਂ ਵਿੱਚੋਂ ਸਭ ਤੋਂ ਵੱਡਾ ਝੁਕਾਅ ਹਉਮੈਂ ਹੈ । ਹਉਮੈਂ 'ਦੀਰਘ ਰੋਗ' ਹੈ । ਇਹ ਹਉਮੈਂ ਹੀ ਹੈ ਜੋ ਮਨੁੱਖ ਨੂੰ ਉਸਦੇ ਮੂਲ ਨਾਲੋਂ ਨਿਖੇੜ ਕੇ ਉਸਨੂੰ ਰਸਾਤਲ ਦੀਆਂ ਡੂੰਘੀਆਂ ਖਾਈਆਂ ਵੱਲ ਧਕੇਲਦੀ ਹੈ । ਹਉਮੈਂ ਹੀ ਉਹ ਕੇਂਦਰੀ ਧੁਰਾ ਹੈ, ਜਿਸਦੇ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਦੁਆਲੇ ਗੁੱਸਾ, ਲਾਲਚ ਅਤੇ ਹੰਕਾਰ ਵਰਗੇ ਔਗੁਣ ਪਰਿਕਰਮਾ ਕਰਦੇ ਹਨ । ਆਤਮਾ ਪਰਮਾਤਮਾ ਦੇ ਮਿਲਾਪ ਦੇ ਰਸਤੇ ਵਿੱਚ ਸਭ ਤੋਂ ਵੱਡਾ ਰੋੜਾ ਹਉਮੈਂ ਹੀ ਹੈ । ਗੁਰੂ ਤੇਗ ਬਹਾਦਰ ਬਾਣੀ ਵਿੱਚ ਨਾ ਸਿਰਫ ਇਸਤੋਂ ਸੁਚੇਤ ਕੀਤਾ ਗਿਆ ਹੈ ਬਲਕਿ ਸਮਰਪਣ ਦੇ ਰਸਤੇ ਰਾਹੀਂ ਇਸਤੋਂ ਛੁਟਕਾਰਾ ਪਾਉਣ ਦਾ ਉਪਾਅ ਵੀ ਦਰਸਾਇਆ ਗਿਆ ਹੈ :

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ।।

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ।।੧੯।।

ਮਨ ਦੇ ਔਗੁਣਾਂ ਨੂੰ ਦੂਰ ਕਰਨ ਦਾ ਸਭ ਤੋਂ ਕਾਰਗਰ ਉਪਾਅ ਗਿਆਨ ਦੀ ਪ੍ਰਾਪਤੀ ਹੈ ਜੋ ਗੁਰੂ ਦੀ ਅਗਵਾਈ ਨਾਲ ਹੀ ਸੰਭਵ ਹੈ । ਪਰ ਗੁਰੂ ਤੇਗ ਬਹਾਦਰ ਬਾਣੀ ਦਾ ਇੱਕ ਹੋਰ ਅਹਿਮ ਪਾਸਾਰ ਸੱਚੇ ਅਤੇ ਝੂਠੇ ਗਿਆਨ ਵਿਚਕਾਰ ਲਕੀਰ ਖਿੱਚਣਾ ਹੈ । ਇੱਕ ਪਾਸੇ ਇਲਮੀ ਗਿਆਨ ਹੈ ਜੋ ਮਨੁੱਖ ਨੂੰ ਲੁਭਾਉਂਦਾ ਹੈ । ਇਹ ਮਨੁੱਖ ਅੰਦਰ ਸਿਰਫ ਗਿਆਨਵਾਨ ਹੋਣ ਦਾ ਭਰਮ ਪੈਦਾ ਕਰਦਾ ਹੈ । ਗਿਆਨ ਦੇ ਇਸ ਪੱਧਰ ਤੇ ਮਨੁੱਖ ਦੇ ਜੀਵਨ ਵਿੱਚ ਬਾਹਰੀ ਦਿਖਾਵਾ ਪੈਦਾ ਹੁੰਦਾ ਹੈ । ਸੱਚੀ ਭਗਤੀ ਦੀ ਥਾਂ ਕਰਮਕਾਂਡ ਪੈਦਾ ਹੁੰਦੇ ਹਨ , ਜੋ ਆਤਮਿਕ ਗਿਆਨ ਦਾ ਭਰਮ ਪੈਦਾ ਕਰਦੇ ਹਨ । ਪਰ ਮਨ ਦੇ ਸ਼ੁੱਧੀਕਰਨ ਲਈ ਅੰਦਰੂਨੀ ਪਵਿੱਤਰਤਾ ਜਰੂਰੀ ਹੈ । ਜੋ ਦੈਵੀ ਗਿਆਨ ਤੋਂ ਬਿਨਾ ਸੰਭਵ ਨਹੀਂ । ਦੈਵੀ ਗਿਆਨ ਸੱਚੀ ਭਗਤੀ ਤੋਂ ਬਿਨਾਂ ਸੰਭਵ ਨਹੀ । ਸੱਚ ਦੇ ਮਾਰਗ ਤੇ ਚੱਲਣ ਦੇ ਨਾਲ ਨਾਲ 'ਮਾਨਸ ਕੀ ਜਾਤ ਨੂੰ ਇੱਕ ਕਰਕੇ ਪਹਿਚਾਨਣ 'ਨਾਲ ਹੀ ਮਨ ਦੀ ਸ਼ੁੱਧਤਾ ਪ੍ਰਾਪਤ ਹੁੰਦੀ ਹੈ :

ਸਭੁ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ।।

ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ।।੯।।

ਗੁਰਮਤਿ ਦਰਸ਼ਨ ਦਾ ਸਮੁੱਚਾ ਭਾਵ ਮਨ ਦੇ ਔਗੁਣਾਂ ਨੂੰ ਦੂਰ ਕਰਨਾ ਹੈ, ਜੋ ਗੁਰੂ ਦੇ ਮਾਰਗ-ਦਰਸ਼ਨ ਅਤੇ ਨਾਮ ਦੁਆਰਾ ਹੁਕਮ/ਰਜਾ ਵਿੱਚ ਚੱਲਣ ਦੀ ਅਵਸਥਾ ਨੂੰ ਪ੍ਰਾਪਤ ਕਰਕੇ ਹੀ ਸੰਭਵ ਹੈ । ਮਨ ਨੂੰ ਇਸ ਅਵਸਥਾ ਵਿੱਚ ਲੈ ਕੇ ਆਉਣ ਲਈ ਗੁਰੂ ਅਹਿਮ ਕੜੀ ਹੈ । ਗੁਰੂ ਦੀ ਅਗਵਾਈ ਅਧੀਨ, ਅਭਿਆਸ ਨਾਲ ਨਾਮ ਨੂੰ ਦ੍ਰਿੜਾਇਆ ਜਾਂਦਾ ਹੈ, ਅਗਿਆਨ ਨੂੰ ਦੂਰ ਕੀਤਾ ਜਾ ਸਕਦਾ ਹੈ । ਦੁਨੀਆਂ ਰੂਪੀ ਭਵ-ਸਾਗਰ ਤੋਂ ਪਾਰ ਜਾਣ ਲਈ ਗੁਰੂ ਰੂਪੀ ਬੇੜੀ ਦਾ ਆਸਰਾ ਜਰੂਰੀ ਹੈ । ਆਤਮ ਤੋਂ ਅਧਿਆਤਮ ਤੱਕ ਦਾ ਸਫਰ, ਸੰਭਵ ਨਹੀਂ । ਗੁਰੂ ਮਨ ਨੂੰ ਦੁਨਿਆਵੀ ਭਟਕਣਾਂ ਵਿੱਚੋਂ ਬਾਹਰ ਕੱਢ ਕੇ ਮਨ ਨੂੰ ਸਥਿਰਤਾ ਦਾ ਪਾਠ ਪੜਾਉਂਦਾ ਹੈ, ਜੋ ਅਧਿਆਤਮਕਤਾ ਦਾ ਧੁਰਾ ਹੈ ।

ਸਿਮਰਨ ਅਤੇ ਸਮਰਪਣ, ਗੁਰੂ ਤੇਗ ਬਹਾਦਰ ਬਾਣੀ ਦਾ ਇੱਕ ਹੋਰ ਪਾਸਾਰ ਹੈ ।" ਭਾਰਤ ਵਿੱਚ ਕਈ ਸਦੀਆਂ ਤੋਂ ਪ੍ਰਭੂ-ਪ੍ਰਾਪਤੀ ਦੇ ਤਿੰਨ ਮਾਰਗ ਕਰਮ ਮਾਰਗ, ਗਿਆਨ ਮਾਰਗ ਅਤੇ ਭਗਤੀ ਮਾਰਗ ਦੱਸੇ ਗਏ ਹਨ। ਪਰ ਭਗਤੀ ਲਹਿਰ ਅਤੇ ਗੁਰਮਤਿ ਚਿੰਤਨ ਵਿੱਚ ਭਗਤੀ-ਯੋਗ ਨੂੰ ਹੀ ਸਭ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ।ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਗੁਰੂ- ਭਗਤੀ ਅਤੇ ਗੁਰੂ- ਸੇਵਾ ਉੱਪਰ ਏਨਾ ਬਲ ਦਿੱਤਾ ਗਿਆ ਹੈ , ਜਿੰਨਾ ਗੁਰੂ ਉਪਦੇਸ਼ ਨੂੰ ਜੀਵਨ ਵਿੱਚ ਧਾਰਨ ਕਰਨ ਉੱਤੇ ਦਿੱਤਾ ਗਿਆ ਹੈ ।"5 ਗੁਰੂ ਦੁਆਰਾ ਦ੍ਰਿੜਾਇਆ ਨਾਮ, ਮਨ ਨੂੰ ਸ਼ੁੱਧ ਅਤੇ ਸਥਿਰ ਕਰਦਾ ਹੈ, ਡਰ ਨੂੰ ਖਤਮ ਕਰਦਾ ਹੈ ਅਤੇ ਸੱਚੇ ਪਰਮਾਤਮਾ ਨਾਲ ਜੋੜਦਾ ਹੈ । ਨਾਮ ਹੀ ਸੱਚਾ ਧਨ, ਕੀਮਤੀ ਔਸ਼ਧੀ ਅਤੇ ਅੰਤ ਤੱਕ ਨਿਭਣ ਵਾਲਾ ਸਾਥੀ ਹੈ । ਨਾਮ ਦਾ ਅਭਿਆਸ ਮਨ ਨੂੰ ਸਥਿਰ ਅਵਸਥਾ ਤੱਕ ਲੈ ਕੇ ਜਾਣ ਵਿੱਚ ਸਹਾਈ ਹੁੰਦਾ ਹੈ । ਸੱਚੇ ਪਰਮਾਤਮਾ ਦੇ ਨਾਮ ਦੀ ਬਰੰਬਾਰਤਾ ਜੀਵ-ਆਤਮਾ ਨੂੰ ਉਸਦੇ ਰੰਗ ਵਿੱਚ ਰੰਗ ਕੇ ਉਸ ਨਾਲ ਅਭੇਦਤਾ ਪ੍ਰਾਪਤ ਕਰਨ ਵਿੱਚ ਸਹਾਈ ਹੁੰਦੀ ਹੈ :

ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ।।

ਕਹੁ ਨਾਨਕ ਸੁਨ ਰੇ ਮਨਾ ਪਰਹਿ ਨਾ ਜਮ ਕੈ ਧਾਮਿ।।੨੧।।

ਇਹ ਸੰਸਾਰ ਪਰਮ-ਸ਼ਕਤੀ ਦੁਆਰਾ ਚਲਾਇਮਾਨ ਹੈ । ਦੁਨਿਆਵੀ ਘਟਨਾਵਾਂ,ਇਸਦੇ ਉਤਰਾਵ- ਚੜਾਵ, ਇੱਥੋਂ ਤੱਕ ਕਿ ਸਮੁੱਚੀ ਕਾਇਨਾਤ ਉਸਦੇ ਹੁਕਮ ਅੰਦਰ ਹਨ । ਉਸਦੇ ਹੁਕਮ ਵਿੱਚ ਕੋਈ ਗਲਤੀ ਜਾਂ ਚੂਕ ਦੀ ਗੁੰਜਾਇਸ਼ ਨਹੀਂ । ਹੁਕਮ, ਸੰਸਾਰਿਕ ਹੋਂਦਾਂ ਦਾ ਮਾਰਗ-ਦਰਸ਼ਨ ਕਰਨ ਲਈ ਦੈਵੀ ਅਗਵਾਈ ਦਾ ਨਾਂ ਹੈ । ਜਦੋਂ ਜੀਵ-ਆਤਮਾ ਇਸ ਸੱਚ ਨੂੰ ਸਮਝ ਲੈਂਦੀ ਹੈ ਅਤੇ ਅਪਣਾ ਲੈਂਦੀ ਹੈ ਤਾਂ ਮਨ ਵਿੱਚ ਭਾਣਾ ਮੰਨਣ ਦਾ ਭਾਵ ਪੈਦਾ ਹੁੰਦਾ ਹੈ । ਹੁਕਮ ਦੇ ਵਿਰੁੱਧ ਜਾਣਾ ਉਸਦੇ ਭਾਣੇ ਨੂੰ ਮੰਨਣ ਤੋਂ ਇਨਕਾਰ ਹੈ, ਜੋ ਜੀਵਨ ਵਿੱਚ ਦੁੱਖਾਂ ਦਾ ਕਾਰਨ ਬਣਦਾ ਹੈ ।ਗੁਰੂ ਦੀ ਅਗਵਾਈ ਅਤੇ ਨਾਮ ਦੀ ਨਿਰੰਤਰਤਾ ਮਨੁੱਖੀ ਮਨ ਨੂੰ ਉਸ ਅਵਸਥਾ ਤੱਕ ਲੈ ਜਾਂਦੀ ਹੈ ਜਿੱਥੇ ਉਸਦੇ ਹੁਕਮ ਅਤੇ ਰਜਾ ਨਾਲ ਮਨੁੱਖੀ ਅਕਾਂਖਿਆਵਾਂ, ਅਭੇਦਤਾ ਪ੍ਰਾਪਤ ਕਰ ਲੈਂਦੀਆਂ ਹਨ ।

ਗੁਰੂ, ਗਿਆਨ, ਨਾਮ, ਰਜਾ ਜਾਂ ਹੁਕਮ ਆਂਤਰਿਕ ਸ਼ਾਂਤੀ ਦੇ ਵਾਹਕ ਹਨ । ਜਦੋਂ ਮਨ, ਦੁਨਿਆਵੀ ਸੋਚਾਂ ਦੇ ਸਤਹੀ ਘੇਰਿਆਂ ਵਿਚੋਂ ਬਾਹਰ ਨਿਕਲ ਕੇ ਦੈਵੀ ਹੁਕਮ ਨਾਲ ਇੱਕਮਿੱਕ ਹੁੰਦਾ ਹੈ ਤਾਂ ਉਸਦੇ ਅੰਦਰ ਰੱਬੀ ਗੁਣਾਂ ਦਾ ਵਾਸਾ ਹੁੰਦਾ ਹੈ। ਗਿਆਨ, ਸਾਧਨਾ ਅਤੇ ਸਮਰਪਣ ਦੇ ਪੜਾਵਾਂ ਵਿੱਚੋਂ ਲੰਘ ਕੇ ਹੀ ਆਤਮਿਕ ਆਨੰਦ ਦੀ ਪ੍ਰਾਪਤੀ ਸੰਭਵ ਹੈ । ਆਨੰਦ, ਬਾਹਰੀ ਦਿਖਾਵਿਆਂ ਤੋਂ ਨਹੀ, ਸਗੋਂ ਅੰਦਰੂਨੀ ਗਿਆਨ ਤੋਂ ਪ੍ਰਾਪਤ ਹੁੰਦਾ ਹੈ । ਮਾਇਆ, ਦੁਨਿਆਵੀ ਲੋਭ-ਲਾਲਚ ਅਤੇ ਪਦਾਰਥਕ ਪ੍ਰਾਪਤੀਆਂ ਜੀਵ-ਆਤਮਾ ਨੂੰ ਪਰਮ-ਸ਼ਾਂਤੀ ਤੋਂ ਦੂਰ ਲੈ ਜਾਂਦੀਆਂ ਹਨ :

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ।।

ਕਹੁ ਨਾਨਕ ਸੁਨ ਰੇ ਮਨਾ ਦੁਰਲਭ ਮਾਨਸ ਦੇਹ।।੨੭।।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਦਇਆ ਅਤੇ ਭਰਾਤਰੀ ਭਾਵ ਗੁਰੂ ਤੇਗ ਬਹਾਦਰ ਬਾਣੀ ਦਾ ਕੇਂਦਰੀ ਤੱਤ ਹਨ । ਗੁਰੂ ਜੀ ਦਇਆ ਨੂੰ ਸਿਰਫ ਭਾਵਨਾ ਹੀ ਨਹੀ ਸਮਝਦੇ ਸਗੋਂ ਅਧਿਆਤਮਕ ਰਾਹ ਦੇ ਪਾਂਧੀ ਦੇ ਜੀਵਨ ਵਿਵਹਾਰ ਦਾ ਅਟੁੱਟ ਅੰਗ ਸਮਝਦੇ ਹਨ । ਦਇਆ ਭਾਵ ਆਤਮਾ ਨੂੰ ਪਵਿੱਤਰ ਕਰਦਾ ਹੈ, ਅਹੰਕਾਰ ਅਤੇ ਕਠੋਰਤਾ ਨੂੰ ਦੂਰ ਕਰਕੇ ਮਨੁੱਖ ਨੂੰ ਪਰਮ ਸ਼ਕਤੀ ਨਾਲ ਜੋੜਦਾ ਹੈ । ਇਸੇ ਤਰਾਂ, ਜਾਤ, ਧਰਮ, ਰੰਗ ਆਦਿ ਦੇ ਅਧਾਰ ਤੇ ਦੂਈ ਭਾਵ ਰੱਖਣਾ ਗੁਰਮਤਿ ਦੇ ਵਿਪਰੀਤ ਹੈ । ਸਰਵ-ਮਾਨਸ ਵਿੱਚ ਇੱਕੋ ਪਰਮਾਤਮਾ ਦਾ ਵਾਸਾ ਹੈ । ਪਰਸਪਾਰਿਕਤਾ ਸਿਰਫ ਸਮਾਜਿਕ ਨਿਯਮ ਨਹੀ ਬਲਕਿ ਅਧਿਆਤਮ ਪ੍ਰਾਪਤੀ ਦੀ ਜਰੂਰੀ ਸ਼ਰਤ ਹੈ । ਦਇਆ ਅਤੇ ਭਰਾਤਰੀ ਭਾਵ ਦਾ ਪਾਸਾਰ ਉਦੋਂ ਹੀ ਹੁੰਦਾ ਹੈ ਜਦੋਂ ਜੀਵ-ਆਤਮਾ ਕਿਸੇ ਲਾਲਚ, ਡਰ ਅਤੇ ਆਸਕਤੀ ਤੋਂ ਮੁਕਤ ਹੋਵੇ । ਜਦੋਂ ਮਨੁੱਖ ਸੱਚ ਅਤੇ ਨਿਆਂ ਲਈ ਨਿਰਪੱਖ ਹੋ ਕੇ ਖੜ ਸਕੇ । ਗੁਰੂ ਤੇਗ ਬਹਾਦਰ ਬਾਣੀ ਵਿੱਚ ਅੰਦਰੂਨੀ ਪਵਿੱਤਰਤਾ ਅਤੇ ਬਾਹਰੀ ਸਮਾਨਤਾ ਦਾ ਭਾਵ ਗਹਿਰੇ ਜੁੜੇ ਹਨ :

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ।।

ਕਹੁ ਨਾਨਕ ਸੁਨਿ ਰੇ ਮਨਾਮੁਕਤਿ ਤਾਹਿ ਤੈ ਜਾਨਿ।।੧੫।।

ਦੁਨਿਆਵੀ ਭਵ-ਸਾਗਰ ਨੂੰ ਪਾਰ ਕਰਦਿਆਂ, ਨੈਤਿਕ ਉੱਚਤਾ ਦੀ ਪ੍ਰਾਪਤੀ ਗੁਰੂ ਤੇਗ ਬਹਾਦਰ ਦਰਸ਼ਨ ਦਾ ਮੂਲ ਸੰਦੇਸ਼ ਹੈ । ਨੈਤਿਕ ਉੱਚਤਾ, ਆਂਤਰਿਕ ਆਚਰਣ ਦੀ ਸ਼ੁੱਧਤਾ ਨਾਲ ਹੀ ਆਉਂਦੀ ਹੈ । ਗੁਰਬਾਣੀ ਵਿੱਚ ਆਤਮਿਕ ਜੀਵਨ ਅਤੇ ਅਧਿਆਤਮਕ ਜੀਵਨ ਇੱਕੋ ਸਿੱਕੇ ਦੇ ਪਹਿਲੂ ਹਨ । ਸੱਚ, ਸੰਜਮ, ਧੀਰਜ, ਸ਼ਾਂਤੀ, ਸੰਤੁਸ਼ਟੀ ਅਤੇ ਇੱਛਾਵਾਂ ਤੇ ਨਿਯੰਤਰਣ ਅਧਿਆਤਮਕ ਜੀਵਨ ਦੀ ਉਪਲਬਧੀ ਹਨ । ਸੱਚ ਸਭ ਤੋਂ ਉੱਤਮ ਗੁਣ ਹੈ । ਲੋਭ, ਮੋਹ,ਅਹੰਕਾਰ ਤੋਂ ਨਿਰਲੇਪਤਾ, ਕਰੁਣਾ ਭਾਵ, ਅੰਦਰੂਨੀ ਪਵਿੱਤਰਤਾ ਅਧਿਆਤਮਕ ਜੀਵਨ ਦਾ ਧੁਰਾ ਹਨ । ਸੱਚ ਅਤੇ ਨਿਆਂ ਨੂੰ ਵੱਡੇ ਤੋਂ ਵੱਡਾ ਦੁੱਖ ਸਹਿ ਕੇ ਵੀ ਆਂਚ ਨਾ ਆਉਣ ਦੇਣਾ, ਗੁਰੂ ਦਰਸ਼ਨ ਦਾ ਸੰਦੇਸ਼ ਹੀ ਨਹੀ ਬਲਕਿ ਉਹਨਾਂ ਦੇ ਵਿਵਹਾਰਕ ਜੀਵਨ ਦਾ ਪ੍ਰਮਾਣਿਕ ਅੰਗ ਰਿਹਾ ।

ਨੈਤਿਕ ਆਚਰਣ ਦੀ ਉੱਚਤਾ, ਖੋਖਲੇ ਕਰਮਕਾਂਡਾਂ ਤੋਂ ਦੂਰੀ ਰੱਖਣ ਨਾਲ ਹੀ ਸੰਭਵ ਹੈ । ਸਿੱਖ ਧਰਮ, ਸਮਕਾਲੀ ਧਰਮਾਂ ਦੀਆਂ ਥੋਥੀਆਂ ਹੋ ਚੁੱਕੀਆਂ, ਕਦਰਾਂ ਵਿਹੂਣੇ ਧਾਰਮਿਕ ਆਡੰਬਰਾਂ ਦੇ ਪ੍ਰਤੀਕਰਮ ਵਜੋਂ ਪੈਦਾ ਹੋਇਆ । ਉਸ ਸਮੇਂ ਵਹਿਮ-ਭਰਮ, ਧਾਰਮਿਕ ਦਿਖਾਵਾ ਅਤੇ ਝੂਠੀਆਂ ਭਾਵਨਾਵਾਂ ਦਾ ਪ੍ਰਸਾਰ ਸੀ । ਮੁੱਲਾਣਿਆਂ ਅਤੇ ਪੁਜਾਰੀਆਂ ਦੇ ਜੀਵਨ ਵਿੱਚੋਂ ਸੱਚੀ ਸ਼ਰਧਾ ਅਤੇ ਜੀਵਨ ਦੀ ਉੱਚਤਾ ਖੰਭ ਲਾ ਕੇ ਉੱਡ ਚੁੱਕੇ ਸਨ । ਸਿੱਖ ਗੁਰੂਆਂ ਵੱਲੋਂ ਜਿਸ ਨਿਡਰਤਾ ਅਤੇ ਦਲੇਰੀ ਨਾਲ ਇਹਨਾਂ ਸਮਾਜ ਅਤੇ ਧਰਮ ਵਿਰੋਧੀ ਆਡੰਬਰਾਂ ਖਿਲਾਫ ਆਵਾਜ ਚੁੱਕੀ ਗਈ, ਉਹ ਕਿਸੇ ਇਤਿਹਾਸਕ ਪ੍ਰਮਾਣ ਦੀ ਮੁਹਤਾਜ ਨਹੀ :

ਤੀਰਥ ਬਰਤ ਅਰੁ ਦਾਨ ਕਰਿਮਨ ਮੈ ਧਰੈ ਗੁਮਾਨੁ।।

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ।।੪੬।।

ਇਸ ਤਰਾਂ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕਾਂ ਦੀ ਵਿਚਾਰਧਾਰਾ, ਮਨੁੱਖ ਨੂੰ ਅਧਿਆਤਮਕ ਮਾਰਗ ਦਾ ਪਾਂਧੀ ਬਣਾਉਣ ਲਈ ਅੰਦਰੂਨੀ ਅਜਾਦੀ, ਨੈਤਿਕ ਦ੍ਰਿੜਤਾ, ਨਿੱਡਰਤਾ, ਆਤਮਿਕ ਚੇਤਨਾ, ਸਹਿਜ ਸੰਤੁਲਿਤ ਜੀਵਨ,ਮਨ ਦੀ ਸ਼ੁੱਧਤਾ ਅਤੇ ਸਥਿਰਤਾ, ਆਤਮ ਜਾਗਰੂਕਤਾ, ਦਇਆ, ਕਰੁਣਾ, ਰਜਾ ਵਿੱਚ ਰਹਿਣ ਅਤੇ ਸੱਚ ਅਤੇ ਨਿਆਂ ਲਈ ਲੜਨ ਮਰਨ ਲਈ ਪ੍ਰੇਰਦੀ ਹੈ । ਪਰ ਇਸ ਮਾਰਗ ਦਾ ਸੱਚਾ ਪਾਂਧੀ ਉਹੀ ਹੋ ਸਕਦਾ ਹੈ, ਜਿਸਨੇ ਜੀਵਨ ਦੀ ਨਾਸ਼ਮਾਨਤਾ ਅਤੇ ਮੌਤ ਦੀ ਅਟੱਲਤਾ ਨੂੰ ਆਪਣੀ ਚੇਤਨਾ ਦਾ ਹਿੱਸਾ ਬਣਾ ਲਿਆ ਹੈ।

ਆਧਾਰ ਸਰੋਤ :

https://pa.wikisource.org

**ਹਵਾਲੇ ਅਤੇ ਟਿੱਪਣੀਆਂ :**


1. Punjabipedia.org
2. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ ਪਟਿਆਲਾ, 1960, ਪੰਨਾ- 649
3. ਡਾ. ਬਲਬੀਰ ਸਿੰਘ ਦਿਲ, ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2009, ਪੰਨਾ-84
4. ਡਾ. ਰਚਨਾ ਮਹਿਰੋਕ, ਸ਼੍ਰੀ ਗੁਰੂ ਤੇਗ ਬਹਾਦਰ ਜੀ :ਬਾਣੀ ਤੇ ਵਿਚਾਰਧਾਰਾ,International Journal of Creative Research Thoughts, Vol -9, -7 (July -2021), ਪੰਨਾ- 159
5. ਡਾ. ਬਲਬੀਰ ਸਿੰਘ ਦਿਲ, ਉਹੀ, ਪੰਨੇ, 130-131



© Copyright @ Authors